# MA
# OPEN ELECTIVE PUNJABI

## 2nd semester

## unit:- 1st

M_A_ in Punjabi 2nd to 4th sem (1) - Read-only
Read Only - You can't save changes to this f...

**Paper Eleventh (XI) (Open Elective)**
**Punjabi Bhasha : Mudhli Jan-Pchhan**
ਪੇਪਰ ਗਿਆਰਵਾਂ (XI)(ਓਪਨ ਇਲੈਕਟਿਵ)
ਪੰਜਾਬੀ ਭਾਸ਼ਾ : ਮੁੱਢਲੀ ਜਾਣ੍ਹਪਛਾਣ

ਕੁੱਲ ਅੰਕ : 100
(ਪੇਪਰ : 70, ਇੰਟਰਨਲ ਅਸੈੱਸਮੈਂਟ : 30)
ਸਮਾਂ : 3 ਘੰਟੇ

ਨੋਟ :

ਪ੍ਰਸ਼ਨ ਪੱਤਰ ਉੱਤੇ ਲਿਖਿਆ ਜਾਵੇਗਾ :

1 ਪਹਿਲਾ ਪ੍ਰਸ਼ਨ ਲਾਜਮੀ ਹੋਵੇਗਾ। ਵਿਦਿਆਰਥੀ ਨੇ ਹਰ ਯੂਨਿਟ ਵਿੱਚੋਂ ਇੱਕ ਸੁਆਲ ਕਰਨਾ ਹੈ। ਕੁੱਲ ਪੰਜ ਸੁਆਲ ਕਰਨੇ ਹਨ। (2x5=10)
2 4 ਯੂਨਿਟਾਂ ਵਿੱਚੋ ਪੁੱਛਿਆ ਗਿਆ ਹਰ ਪ੍ਰਸਨ 15 -15 ਨੰਬਰ ਦਾ ਹੋਵੇਗਾ। (15x4=60)

ਪੇਪਰ ਸੈੱਟਰ ਲਈ ਹਿਦਾਇਤਾਂ :

1 ਪੇਪਰ ਸੈੱਟਰ ਪ੍ਰਸ਼ਨ ਪੱਤਰ ਵਿੱਚ ਕੁੱਲ ਨੌਂ ਪ੍ਰਸਨ ਪੁੱਛੇਗਾ।
2 ਪ੍ਰਸ਼ਨ ਨੰਬਰ ਇੱਕ ਵਿੱਚ ਪੰਜ ਛੋਟੇ ਸੁਆਲ ਪੁੱਛੇ ਜਾਣਗੇ ਜੋ ਕਿ ਸਿਲੇਬਸ ਵਿੱਚ ਲੱਗੀਆਂ ਪੁਸਤਕਾਂ/ਯੂਨਿਟਾਂ 'ਤੇ ਆਧਾਰਿਤ ਹੋਣਗੇ। ਹਰ ਸੁਆਲ ਦਾ ਜੁਆਬ ਘੱਟ ਤੋਂ ਘੱਟ ਇੱਕ ਪੰਨੇ ਦਾ ਦੇਣਾ ਹੋਵੇਗਾ। ਇਸ ਸੁਆਲ ਵਿੱਚ ਕੋਈ ਅੰਦਰੂਨੀ ਛੋਟ ਨਹੀਂ ਹੋਵੇਗੀ।
3 ਹਰ ਯੂਨਿਟ ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂਵਿੱਚੋ ਇੱਕ ਕਰਨਾ ਹੋਵੇਗਾ। ਹਰ ਪ੍ਰਸ਼ਨ ਦਾ ਜੁਆਬ ਘੱਟੋ ਘੱਟ ਪੰਜ ਪੰਨਿਆਂ ਦਾ ਹੋਵੇ।
4 ਵਿਦਿਆਰੀਆਂ ਦੇ ਦੂਸਰੇ ਅਨੁਸਾਸਨਾਂ ਨਾਲ ਸਬੰਧਿਤ ਹੋਣ ਕਾਰਨ ਸਵਾਲ ਸੰਖੇਪ ਅਤੇ ਸਰਲ ਪੁੱਛੇ।

- **ਉਦੇਸ਼(Objectives)**
- ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦਾ ਮੁੱਢਲਾ ਗਿਆਨ ਪ੍ਰਦਾਨ ਕਰਨਾ।
- ਪੰਜਾਬੀ ਸ਼ਬਦ ਰਚਨਾ, ਅੱਖਰ ਬੋਧ, ਵਾਕ ਰਚਨਾ ਅਤੇ ਪੰਜਾਬੀ ਅਰਥ ਵਿਗਿਆਨ ਦੀ ਮੁੱਢਲੀ ਜਾਣਕਾਰੀ ਦੇਣਾ।
- ਪੰਜਾਬੀ ਵਿੱਚ ਪੱਤਰ ਅਤੇ ਲੇਖ ਰਚਨਾ ਦੀ ਜਾਣਕਾਰੀ

ਯੂਨਿਟ ਪਹਿਲਾ : ਧੁਨੀ/ ਅੱਖਰ ਬੋਧ
ਅੱਖਰਾਂ/ ਵਰਣਾਂ ਦੀ ਪਛਾਣ, ਅੱਖਰ ਉਚਾਰਣ, ਲਗਾਂ ਮਾਤਰਾਵਾਂ, ਲਗਾਖਰ, ਸਵਰ੍ਹਵਿਅੰਜਨ, ਸ਼ਬਦ ਜੋੜ ਨਿਯਮ,
ਯੂਨਿਟ ਦੂਸਰਾ : ਵਿਆਕਰਣਕ ਸ਼੍ਰੇਣੀਆਂ
ਵਿਆਕਰਣਕ ਸ਼ਬਦ ਸ਼੍ਰੇਣੀਆਂ‍ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸਬੰਧਕ, ਯੋਜਕ, ਵਿਸਮਿਕ ਅਤੇ ਪਾਰਟੀਕਲਜ਼ (ਨਿਪਾਤ) ਦੀ ਸੰਖੇਪ ਜਾਣਕਾਰੀ
ਮੁਹਾਵਰੇ, ਅਖਾਣ ਆਦਿ
ਯੂਨਿਟ ਤੀਸਰਾ : ਅਰਥ ਬੋਧ
ਸਮਾਨਾਰਥਕ ਸ਼ਬਦ, ਬਹੁਅਰਥਕ ਸ਼ਬਦ, ਵਿਰੋਧਾਰਥਕ ਸ਼ਬਦ, ਵਿਪਰੀਤਆਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ
ਯੂਨਿਟ ਚੌਥਾ :
ਪੱਤਰ ਲੇਖਣ ਅਤੇ ਪਦ/ ਪੈਰਾ ਰਚਨਾ

Unit ਪਹਿਲਾ

# 3 ਵਰਨ-ਬੋਧ / ਧੁਨੀ / ਅੱਖਰ ਬੋਧ

ਭਾਸ਼ਾ ਦਾ ਉਚਾਰਨ ਕਰਨਾ ਮਨੁੱਖ ਨੂੰ ਬਾਕੀ ਜੀਵ-ਜੰਤੂਆਂ ਨਾਲੋਂ ਨਿਖੇੜਦਾ ਹੈ। ਮਨੁੱਖ ਦੇ ਸਰੀਰ ਦੇ ਉਚਾਰਨ ਅੰਗ ਕੁਝ ਧੁਨੀਆਂ ਪੈਦਾ ਕਰਦੇ ਹਨ। ਇਹ ਧੁਨੀ ਭਾਸ਼ਾ ਦੀ ਰਚਨਾ ਦੀ ਬੁਨਿਆਦੀ ਇਕਾਈ ਅਤੇ ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਹੈ।

**ਭਾਸ਼ਾ ਉਚਾਰਨ ਅੰਗ ਇਹ ਹਨ:**

1. ਬੁੱਲ੍ਹ
2. ਦੰਦ
3. ਦੰਦ-ਬਨ੍ਹੇਰਾ
4. ਕਠੋਰ-ਤਾਲੂ
5. ਨਰਮ-ਤਾਲੂ
6. ਕਾਂ
7. ਜੀਭ
8. ਜੀਭ-ਅੱਗਾ
9. ਜੀਭ-ਪਿੱਛਾ
10. ਸੰਘ (ਕੰਠ)
11. ਸੁਰ-ਯੰਤਰ ਢੱਕਣ
12. ਸੁਰ-ਤੰਤਰੀ, ਸੁਰ ਤੰਦਾ
13. ਜੀਭ-ਨੋਕ

[***ਨੋਟ—***ਇਹ ਅੰਗ ਧੁਨੀਆਂ ਪੈਦਾ ਕਰਨ ਤੋਂ ਇਲਾਵਾ ਸਾਹ ਲੈਣ, ਕੋਈ ਚੀਜ਼ ਖਾਣ-ਪੀਣ ਜਾਂ ਲੰਘਾਉਣ ਦਾ ਕਾਰਜ ਵੀ ਕਰਦੇ ਹਨ, ਪਰ ਸਾਡਾ ਸੰਬੰਧ ਇਨ੍ਹਾਂ ਅੰਗਾਂ ਦੇ ਉਚਾਰਨ ਅਤੇ ਇਨ੍ਹਾਂ ਵੱਲੋਂ ਪੈਦਾ ਕੀਤੀਆਂ ਭਾਸ਼ਾਈ ਧੁਨੀਆਂ ਤੱਕ ਹੀ ਸੀਮਿਤ ਹੈ।*]

ਇਨ੍ਹਾਂ ਉਚਾਰਨ ਅੰਗਾਂ ਵੱਲੋਂ ਪੈਦਾ ਕੀਤੀਆਂ ਗਈਆਂ ਧੁਨੀਆਂ ਨੂੰ ਕੁਝ ਚਿੰਨ੍ਹਾਂ ਦੁਆਰਾ ਪ੍ਰਗਟਾਇਆ ਜਾਂਦਾ ਹੈ। ਇਹ ਚਿੰਨ੍ਹ ਹੀ **ਵਰਨ** ਜਾਂ **ਅੱਖਰ** ਅਖਵਾਉਂਦੇ ਹਨ। ਇਨ੍ਹਾਂ ਵਰਨਾਂ ਜਾਂ ਅੱਖਰਾਂ ਦਾ ਸਮੂਹ ਭਾਸ਼ਾ ਦੀ ਲਿਪੀ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ।

## 1. ਪੰਜਾਬੀ ਦੀ ਵਰਨਮਾਲਾ

ਵਰਨਾਂ ਦੇ ਤਰਤੀਬਵਾਰ ਇਕੱਠ ਨੂੰ **ਵਰਨਮਾਲਾ** ਕਹਿੰਦੇ ਹਨ।
ਪੰਜਾਬੀ ਦੀ ਗੁਰਮੁਖੀ ਲਿਪੀ ਦੇ ਪਹਿਲਾਂ **35** (ਪੈਂਤੀ) ਅੱਖਰ ਸਨ ਜੋ ਇਸ ਪ੍ਰਕਾਰ ਹਨ:

| | | | | | | |
|---|---|---|---|---|---|---|
| ੳ | ਅ | ੲ | ਸ | ਹ | ਪਹਿਲੀ ਟੋਲੀ | |
| ਕ | ਖ | ਗ | ਘ | ਙ | ਕਵਰਗ ਟੋਲੀ | ਕੰਠੀ ਧੁਨੀਆਂ |
| ਚ | ਛ | ਜ | ਝ | ਞ | ਚਵਰਗ ਟੋਲੀ | ਤਾਲਵੀ |
| ਟ | ਠ | ਡ | ਢ | ਣ | ਟਵਰਗ ਟੋਲੀ | ਮੂਰਧਨੀ (ਉਲਟ ਜੀਭੀ) |
| ਤ | ਥ | ਦ | ਧ | ਨ | ਤਵਰਗ ਟੋਲੀ | ਦੰਤੀ |
| ਪ | ਫ | ਬ | ਭ | ਮ | ਪਵਰਗ ਟੋਲੀ | ਹੋਂਠੀ |
| ਯ | ਰ | ਲ | ਵ | ੜ | ਅੰਤਲੀ ਟੋਲੀ | |

ਇਸ ਉਪਰੰਤ ਅਰਬੀ ਤੇ ਫ਼ਾਰਸੀ ਦੀਆਂ ਕੁਝ ਧੁਨੀਆਂ ਨੂੰ ਪ੍ਰਗਟਾਉਣ ਲਈ ਵਿਦਵਾਨਾਂ ਨੇ ਪੰਜ ਅੱਖਰ—ਸ, ਖ, ਗ, ਜ, ਫ (ਜੋ ਪਹਿਲੇ ਪੈਂਤੀ ਅੱਖਰਾਂ ਵਿੱਚੋਂ ਹੀ ਲਏ ਗਏ ਹਨ) ਹੇਠਾਂ ਬਿੰਦੀ ਲਗਾ ਕੇ ਉਨ੍ਹਾਂ ਦਾ ਰੂਪ ਵਟਾ ਦਿੱਤਾ; ਜਿਵੇਂ—ਸ਼, ਖ਼, ਗ਼, ਜ਼, ਫ਼। ਇਹ ਵਰਨ ਅਰਬੀ ਤੇ ਫ਼ਾਰਸੀ ਧੁਨੀਆਂ ਨੂੰ ਪ੍ਰਗਟਾਉਣ ਦੇ ਸਮਰੱਥ ਹਨ। ਇਨ੍ਹਾਂ ਦਾ ਉਚਾਰਨ ਪਹਿਲਾਂ ਮੌਜੂਦ ਵਰਨਾਂ ਤੋਂ ਵੱਖਰਾ ਹੈ। ਇਸ ਤਰ੍ਹਾਂ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਗਿਣਤੀ **40** (ਚਾਲੀ) ਹੋ ਗਈ, ਜਿਸ ਨੂੰ ਨਵੀਨ ਟੋਲੀ ਕਿਹਾ ਗਿਆ।

ਸ਼ ਖ਼ ਗ਼ ਜ਼ ਫ਼—**ਨਵੀਨ ਟੋਲੀ**

ਇਸ ਤੋਂ ਬਾਅਦ ਵਿਦਵਾਨਾਂ ਨੇ ਇੱਕ ਨਵੀਂ ਧੁਨੀ ਦੀ ਪਛਾਣ ਕੀਤੀ ਜਿਸ ਵਿੱਚ **ਲ** ਅੱਖਰ ਦੇ ਪੈਰ ਬਿੰਦੀ ਪਾ ਕੇ ਅੰਕਿਤ ਕੀਤਾ ਗਿਆ। **ਲ਼** ਧੁਨੀ ਤਾਲਵੀਂ ਹੈ। ਇਸ ਤਰ੍ਹਾਂ ਹੁਣ ਗੁਰਮੁਖੀ ਲਿਪੀ ਦੇ ਕੁੱਲ **41** (ਇਕਤਾਲੀ) ਅੱਖਰ ਹਨ।

**ਇਕਤਾਲੀ ਅੱਖਰ**

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ਇਸ ਵਰਨਮਾਲਾ ਦੀਆਂ ਅੱਠ ਪੰਕਤੀਆਂ ਹਨ। ਪਹਿਲੀਆਂ ਸੱਤ ਪੰਕਤੀਆਂ ਦੇ ਪੰਜ-ਪੰਜ ਅੱਖਰ ਹਨ ਅਤੇ ਅੰਤਲੀ ਦੇ ਛੇ ਅੱਖਰ ਹਨ। ਪਹਿਲੀ ਅਤੇ ਅੰਤਲੀ ਪੰਕਤੀ ਨੂੰ ਛੱਡ ਕੇ ਬਾਕੀ ਹਰ ਪੰਕਤੀ ਦਾ ਨਾਂ ਪਹਿਲੇ ਅੱਖਰ ਅਨੁਸਾਰ ਦਿੱਤਾ ਗਿਆ ਹੈ; ਜਿਵੇਂ ਕਿ ਪਿੱਛੇ ਦਰਸਾਇਆ ਗਿਆ ਹੈ। ਪਹਿਲੀ ਪੰਕਤੀ ਨੂੰ ਪਹਿਲੀ ਟੋਲੀ ਅਤੇ **ਯ** ਵਾਲੀ ਪੰਕਤੀ ਨੂੰ ਅੰਤਲੀ ਟੋਲੀ ਕਿਹਾ ਗਿਆ ਹੈ। ਪੈਰੀਂ ਬਿੰਦੀ ਪਾ ਕੇ ਲਿਖੇ ਅੱਖਰਾਂ ਵਾਲੀ ਪੰਕਤੀ ਨੂੰ ਨਵੀਨ ਟੋਲੀ ਲਿਖਿਆ ਗਿਆ ਹੈ।

ਹਰ ਭਾਸ਼ਾ ਦੀਆਂ ਆਪਣੀਆਂ ਧੁਨੀਆਂ ਹੁੰਦੀਆਂ ਹਨ। ਕੁਝ ਸ਼ਬਦ ਵੀ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਉਸ ਭਾਸ਼ਾ ਦੀ ਲਿਪੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਦੀ ਲਿਪੀ ਵਿੱਚ ਨਹੀਂ ਲਿਖਿਆ ਜਾ ਸਕਦਾ। ਵਿਦਿਆਰਥੀਆਂ ਦੇ ਗਿਆਨ ਲਈ ਇਹ ਦੱਸਣਾ ਜ਼ਰੂਰੀ ਜਾਪਦਾ ਹੈ ਕਿ ਹਿੰਦੀ ਦੀ ਲਿਪੀ ਦੇਵਨਾਗਰੀ, ਉਰਦੂ ਦੀ ਫ਼ਾਰਸੀ (ਸ਼ਾਹਮੁਖੀ) ਤੇ ਅੰਗਰੇਜ਼ੀ ਦੀ ਲਿਪੀ ਰੋਮਨ ਹੈ।

## ਵਰਨ-ਭੇਦ

**ਬੋਲੀ ਵਿੱਚ ਵਰਨਾਂ ਦੇ ਉਚਾਰਨ ਅਤੇ ਰੂਪਾਂ ਕਰ ਕੇ ਚਾਰ ਭੇਦ ਹਨ:**

1. ਸਵਰ, 2. ਵਿਅੰਜਨ, 3.ਅਨੁਨਾਸਕ, 4. ਦੁੱਤ ਅੱਖਰ।

**1. ਸਵਰ**—ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਬਿਨਾਂ ਰੁਕਾਵਟ ਨਿਕਾਸ ਕਰੇ ਜਾਂ ਬਾਹਰ ਨਿਕਲੇ ਉਹ ਸਵਰ ਹਨ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਸਵਰ ਉਹ ਇਕਾਈ ਧੁਨੀ ਹੈ ਜਿਸ ਦੇ ਉਚਾਰਨ ਸਮੇਂ ਫੇਫੜਿਆਂ ਵਿੱਚੋਂ ਬਾਹਰ ਆਉਂਦੀ ਹਵਾ ਸਵਰ ਤੰਤੂਆਂ ਨੂੰ ਕੰਬਾਉਂਦੀ ਹੋਈ ਬਿਨਾਂ ਕਿਸੇ ਰੁਕਾਵਟ ਦੇ ਮੂੰਹ ਪੋਲ ਰਾਹੀਂ ਬਾਹਰ ਨਿਕਲਦੀ ਹੈ।

**ਪੰਜਾਬੀ ਦੀਆਂ ਦਸ ਸਵਰ ਧੁਨੀਆਂ ਹਨ:**

ਅ, ਆ, ਇ, ਈ, ਉ, ਊ, ਏ, ਐ, ਓ, ਔ

ਗੁਰਮੁਖੀ ਵਰਨਮਾਲਾ ਦੇ ਪਹਿਲੇ ਤਿੰਨ ਅੱਖਰਾਂ ਉੜਾ, ਐੜਾ, ਈੜੀ ਦੇ ਨਾਲ ਲਗਾਂ ਲਾ ਕੇ ਸਵਰ ਧੁਨੀਆਂ ਨੂੰ ਦਰਸਾਇਆ ਗਿਆ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ:

ਤਿੰਨ ਸਵਰ ਈੜੀ ਨਾਲ (ਇ, ਈ, ਏ)

ਚਾਰ ਸਵਰ ਐੜੇ ਦੇ ਨਾਲ (ਅ, ਆ, ਐ, ਔ)

ਅਤੇ ਤਿੰਨ ਸਵਰ ਊੜੇ ਦੇ ਨਾਲ (ਉ, ਊ, ਓ) ਅੰਕਿਤ ਕੀਤੇ ਗਏ ਹਨ।

ਮੁਹਾਰਨੀ ਬੋਲਣ ਦਾ ਅਭਿਆਸ ਸਵਰ ਧੁਨੀਆਂ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ। ਮੁਹਾਰਨੀ ਇਸ ਪ੍ਰਕਾਰ ਹੈ:

ਅ ਆ ਇ ਈ ਉ ਊ ਏ ਐ ਓ ਔ ਅੰ ਆਂ

ਜੇ ੳ ਅ ੲ ਤਿੰਨ ਅੱਖਰਾਂ ਨੂੰ (ਜਿਨ੍ਹਾਂ ਨਾਲ ਲਗਾਂ ਲਾ ਕੇ ਸਵਰ ਧੁਨੀਆਂ ਨੂੰ ਦਰਸਾਇਆ ਗਿਆ ਹੈ) ਵੱਖ ਕਰ ਦਿੱਤਾ ਜਾਵੇ ਤਾਂ ਵਿਅੰਜਨ ਧੁਨੀਆਂ ਇਹ ਹਨ:

| | | | | |
|---|---|---|---|---|
| - | - | - | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |

ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਇਸ ਤਰ੍ਹਾਂ ਕੁੱਲ **38** (ਅਠੱਤੀ) ਵਿਅੰਜਨ ਧੁਨੀਆਂ ਬਣਦੀਆਂ ਹਨ।

**ਕੁਝ ਜਾਣਨਯੋਗ ਗੱਲਾਂ:**

1. ਸਵਰ ਦੇ ਉਚਾਰਨ ਵਿੱਚ ਮੂੰਹ ਪੋਲ ਦੇ ਧੁਨੀ ਅੰਗਾਂ ਵਿੱਚ ਨਾ ਕੋਈ ਰੁਕਾਵਟ, ਨਾ ਤੰਗੀ, ਨਾ ਰਗੜ, ਅਤੇ ਨਾ ਬੁੱਲ੍ਹਾਂ ਤੇ ਜੀਭ ਦਾ ਸਪਰਸ਼ ਹੁੰਦਾ ਹੈ।
2. ਸਵਰਾਂ ਦਾ ਮਹੱਤਵ ਇਸ ਲਈ ਹੈ ਕਿ ਭਾਸ਼ਾ ਦੇ ਬੋਲਣ ਦੀ ਕਿਰਿਆ ਵਿੱਚ ਸਵਰਾਂ ਤੋਂ ਬਿਨਾਂ ਵਿਅੰਜਨ ਉਚਾਰੇ ਨਹੀਂ ਜਾ ਸਕਦੇ।
3. ਸਵਰ ਮੌਖਿਕ ਵੀ ਹੁੰਦੇ ਹਨ ਅਤੇ ਨਾਸਕੀ ਵੀ ਹੁੰਦੇ ਹਨ।

ਜੇਕਰ ਸਵਾਸ-ਧਾਰਾ ਮੂੰਹ ਰਾਹੀਂ ਲੰਘਦੀ ਹੈ ਤਾਂ ਸਵਰ ਮੌਖਿਕ ਹਨ, ਜੇਕਰ ਸਾਹ ਦੀ ਹਵਾ ਇੱਕੋ ਵੇਲੇ ਨਾਸਕੀ ਪੋਲ ਰਾਹੀਂ ਵੀ ਨਿਕਲਦੀ ਹੈ ਤਾਂ ਸਵਰ ਨਾਸਕੀ ਹੁੰਦੇ ਹਨ।

ਪੰਜਾਬੀ ਸਵਰਾਂ ਵਿੱਚ ਉਚਾਰਨ ਸਥਾਨ ਤੇ ਵਕਫ਼ੇ ਦੇ ਨਾਲ-ਨਾਲ ਮਾਤਰਾਂ ਦੇ ਅਧਾਰ 'ਤੇ ਵੀ ਸਵਰਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ।

**ਇਸ ਅਧਾਰ 'ਤੇ ਸਵਰ ਦੋ ਤਰ੍ਹਾਂ ਦੇ ਹੁੰਦੇ ਹਨ—**1. ਲਘੂ ਸਵਰ, 2.ਦੀਰਘ ਸਵਰ।

**1. ਲਘੂ ਸਵਰ—**ਅ, ਇ, ਉ।

**2. ਦੀਰਘ ਸਵਰ—**ਆ, ਈ, ਊ, ਏ, ਐ, ਓ, ਔ।

ਦੀਰਘ ਸਵਰ ਦੇ ਉਚਾਰਨ ਵਿੱਚ ਲਘੂ ਸਵਰ ਨਾਲੋਂ ਦੁਗਣਾ ਸਮਾਂ ਲਗਦਾ ਹੈ ਅਤੇ ਸਵਰ ਧੁਨੀ ਦੇ ਉਚਾਰਨ ਵੇਲੇ ਸਾਹ ਉਚਾਰਨ ਅੰਗਾਂ ਦੀ ਖ਼ਾਸ ਰੁਕਾਵਟ ਤੋਂ ਬਿਨਾਂ ਮੂੰਹ ਵਿੱਚੋਂ ਨਿਕਲਦਾ ਹੈ।

ਜਦੋਂ ਕਿਸੇ ਸਵਰ ਨੂੰ ਉਚਾਰਦਿਆਂ ਕੁਝ ਅਵਾਜ਼ ਨੱਕ ਰਾਹੀਂ ਆਉਂਦੀ ਹੈ ਤਾਂ ਉਹ ਸਵਰ **ਨਾਸਕੀ ਸਵਰ** ਅਖਵਾਉਂਦਾ ਹੈ।

**ਜੀਭ ਦੀ ਸਥਿਤੀ ਦੇ ਅਧਾਰ 'ਤੇ ਪੰਜਾਬੀ ਦੇ ਸਵਰਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ:**

**1. ਅਗਲੇਰੇ ਸਵਰ** : ਈ, ਏ, ਐ
**2. ਪਿਛਲੇਰੇ ਸਵਰ** : ਊ, ਓ, ਔ
**3. ਵਿਚਕਾਰਲੇ ਸਵਰ** : ਇ, ਉ, ਅ, ਆ

**ਜੀਭ ਦੀ ਉਚਾਈ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੀਆਂ ਸਵਰ ਧੁਨੀਆਂ ਨੂੰ ਚਾਰ ਭਾਗਾਂ ਵਿੱਚ ਰੱਖਿਆ ਗਿਆ ਹੈ; ਜਿਵੇਂ:**

1. ਉੱਚੇ ਸਵਰ : ਈ, ਊ
2. ਅਰਧ ਉੱਚੇ ਸਵਰ : ਇ, ਉ
3. ਅਰਧ ਨੀਵੇਂ ਸਵਰ : ਏ, ਅ, ਓ
4. ਨੀਵੇਂ ਸਵਰ : ਐ, ਆ, ਔ

**ਬੁੱਲ੍ਹਾਂ ਦੀ ਸਥਿਤੀ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਦੀਆਂ ਸਵਰ ਧੁਨੀਆਂ ਨੂੰ ਦੋ ਵਰਗਾਂ ਵਿੱਚ ਰੱਖਿਆ ਗਿਆ ਹੈ:**

1. **ਗੁਲਾਈਦਾਰ—**ਉ, ਊ, ਓ, ਔ
2. **ਗੁਲਾਈ ਰਹਿਤ—**ਈ, ਏ, ਇ, ਐ, ਆ, ਅ

**2. ਵਿਅੰਜਨ—**ਇਹ ਉਹ ਧੁਨੀ ਹੁੰਦੀ ਹੈ, ਜਿਸ ਨੂੰ ਉਚਾਰਦਿਆਂ ਉਚਾਰਨ ਅੰਗ ਸਾਹ ਨੂੰ ਕੁਝ ਰੁਕਾਵਟ ਪਾਉਂਦੇ ਹਨ। ਇਸ ਵਿੱਚ ਜੀਭ ਕਦੇ ਦੰਦਾਂ ਦੇ ਅੰਦਰਲੇ ਪਾਸੇ ਲਗਦੀ ਹੈ, ਕਦੇ ਤਾਲੂ ਦੇ ਨਾਲ ਅਤੇ ਕਈ ਵਾਰੀ ਬੁੱਲ੍ਹ ਕੁਝ ਮੀਟੇ ਜਾਂਦੇ ਹਨ।

3. **ਅਨੁਨਾਸਕ/ਨਾਸਕੀ**—ਨਾਸਕੀ ਵਿਅੰਜਨਾਂ ਦੇ ਉਚਾਰਨ ਸਮੇਂ ਕੋਮਲ ਤਾਲੂ ਹੇਠਾਂ ਵੱਲ ਆ ਜਾਂਦਾ ਹੈ ਅਤੇ ਮੂੰਹ ਪੋਲ ਬੰਦ ਹੋਣ ਕਰ ਕੇ ਹਵਾ ਨੱਕ ਦੇ ਰਸਤੇ ਬਾਹਰ ਨਿਕਲਦੀ ਹੈ। ਪੰਜਾਬੀ ਵਿੱਚ **ਮ, ਨ, ਣ, ਞ, ਙ** ਪੰਜ ਨਾਸਕੀ ਧੁਨੀਆਂ ਹਨ।

4. **ਦੁੱਤ ਵਿਅੰਜਨ / ਅੱਖਰ**—ਦੁੱਤ ਵਿਅੰਜਨ ਦੇ ਉਚਾਰਨ ਵੇਲੇ ਕਿਸੇ ਵਿਸ਼ੇਸ਼ ਵਿਅੰਜਨ ਧੁਨੀ ਦੇ ਉਚਾਰਨ ਨੂੰ ਰੋਕ ਕੇ ਲਮਕਾ ਦਿੱਤਾ ਜਾਂਦਾ ਹੈ ਭਾਵ ਧੁਨੀ ਦਾ ਦੂਹਰਾ ਉਚਾਰਨ ਕੀਤਾ ਜਾਂਦਾ ਹੈ।

ਦੁੱਤ ਅੱਖਰ ਉਹ ਅੱਖਰ ਹੁੰਦੇ ਹਨ ਜੋ ਦੋ ਅੱਖਰਾਂ ਦੇ ਮੇਲ ਤੋਂ ਬਣਦੇ ਹਨ ਅਤੇ ਇਨ੍ਹਾਂ ਅੱਖਰਾਂ ਵਿੱਚ ਇੱਕ ਅੱਖਰ ਪੈਰ ਵਿੱਚ ਵਰਤਿਆ ਜਾਂਦਾ ਹੈ ਅਤੇ ਦੋਹਾਂ ਦੀ ਦੂਹਰੀ ਧੁਨੀ ਉਤਪੰਨ ਹੁੰਦੀ ਹੈ।

ਗੁਰਮੁਖੀ ਲਿਪੀ ਵਿੱਚ ਸਿਰਫ਼ ਤਿੰਨ ਦੁੱਤ ਅੱਖਰ **ਹ, ਰ, ਵ** ਹਨ ਅਤੇ ਇਹ ਤਿੰਨ ਦੂਸਰੇ ਅੱਖਰਾਂ ਨਾਲ ਮਿਲ ਕੇ ਰਲਵੀਂ ਅਵਾਜ਼ ਕਰਦੇ ਹਨ; ਜਿਵੇਂ—**ੜ੍ਹ, ਪ੍ਰ, ਸ੍ਵ**—ਪੜ੍ਹਨਾ, ਪ੍ਰਦੇਸ਼, ਸ੍ਵਾਸ।

[**ਨੋਟ**—*ਵੇਖਣ ਵਿੱਚ ਆਇਆ ਹੈ ਕਿ ਨਵੀਆਂ ਪੁਸਤਕਾਂ ਵਿੱਚ* **ਵ** *ਦੁੱਤ ਅੱਖਰ ਦੀ ਵਰਤੋਂ ਲਗਭਗ ਬੰਦ ਹੋ ਗਈ ਹੈ।* **ਰ** *ਦੁੱਤ ਅੱਖਰ ਦੀ ਵਰਤੋਂ ਵੀ ਘੱਟ ਗਈ ਹੈ।* **ਹ** *ਦੁੱਤ ਅੱਖਰ ਦੀ ਵਰਤੋਂ ਉਨ੍ਹਾਂ ਸ਼ਬਦਾਂ ਵਿੱਚ ਹੀ ਵਧੇਰੇ ਹੋ ਰਹੀ ਹੈ ਜੋ ਪੰਜਾਬੀ ਸ਼ਬਦਾਵਲੀ ਸਾਡੇ ਕੋਲ ਮੌਜੂਦ ਹੈ। ਨਵੀਨ ਸ਼ਬਦਾਵਲੀ ਵਿੱਚ ਇਸ ਦੁੱਤ ਅੱਖਰ ਦੀ ਵਰਤੋਂ ਨਹੀਂ ਮਿਲਦੀ।*]

## 2. ਲਗਾਂ-ਮਾਤਰਾਂ

ਵਿਆਕਰਨ ਅਨੁਸਾਰ ਹਰ ਅੱਖਰ ਨੂੰ ਉਚਾਰਨ ਵਿੱਚ ਸਮਾਂ ਲਗਦਾ ਹੈ। ਇਸ ਉਚਾਰਨ ਵਿੱਚ ਲੱਗੇ ਸਮੇਂ ਨੂੰ **ਮਾਤਰਾਂ** ਕਿਹਾ ਜਾਂਦਾ ਹੈ ਅਤੇ ਇਨ੍ਹਾਂ ਮਾਤਰਾਂ ਨੂੰ ਵੱਖੋ-ਵਖਰੇ ਚਿੰਨ੍ਹਾਂ ਦੁਆਰਾ ਪ੍ਰਗਟਾਇਆ ਜਾਂਦਾ ਹੈ। ਇਨ੍ਹਾਂ ਚਿੰਨ੍ਹਾਂ ਨੂੰ **ਲਗਾਂ** ਕਿਹਾ ਜਾਂਦਾ ਹੈ। **ਅੱਖਰਾਂ** ਦੇ ਜਿਸ ਸਮੂਹ ਵਿੱਚ ਮਾਤਰਾਂ ਤੇ ਲਗਾਂ ਇਕੱਠੀਆਂ ਹੋਣ ਉਨ੍ਹਾਂ ਦਾ ਇਕੱਠਾ ਨਾਂ **ਲਗਾਂ-ਮਾਤਰਾਂ** ਹੈ।

ਗੁਰਮੁਖੀ ਲਿਪੀ ਵਿੱਚ ਲਗਾਂ ਦੀ ਗਿਣਤੀ ਦਸ ਹੈ। ਲਗਾਂ ਦੇ ਇਸ ਵਰਗ ਨੂੰ **ਮੁਹਾਰਨੀ** ਵੀ ਆਖਿਆ ਜਾਂਦਾ ਹੈ।

**ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ:**

1. ਲਗਾਂ ਦੀ ਵਰਤੋਂ ਇਕੱਲੀ ਨਹੀਂ ਹੁੰਦੀ। ਇਹ ਹਮੇਸ਼ਾ ਕਿਸੇ-ਨਾ-ਕਿਸੇ ਅੱਖਰ ਨਾਲ ਲਗ ਕੇ ਹੀ ਵਰਤੀ ਜਾਂਦੀ ਹੈ।
2. **ੳ** ਅਤੇ **ੲ** ਅੱਖਰਾਂ ਦੀ ਵਰਤੋਂ ਬਿਨਾਂ ਲਗ ਤੋਂ ਕਦੇ ਨਹੀਂ ਹੁੰਦੀ।
3. **ੳ, ਅ, ੲ** ਅੱਖਰ ਨਾਲ ਸਾਰੀਆਂ ਲਗਾਂ ਨਹੀਂ ਲਗਦੀਆਂ।

**ਗੁਰਮੁਖੀ ਲਿਪੀ ਦੀਆਂ ਦਸ ਲਗਾਂ ਇਸ ਤਰ੍ਹਾਂ ਹਨ:**

| | |
|---|---|
| ਮੁਕਤਾ | (ਕੋਈ ਚਿੰਨ ਨਹੀਂ) |
| ਕੰਨਾ | ( ਾ ) |
| ਸਿਹਾਰੀ | ( ਿ ) |
| ਬਿਹਾਰੀ | ( ੀ ) |
| ਔਂਕੜ | ( ੁ ) |
| ਦੁਲੈਂਕੜ | ( ੂ ) |
| ਲਾਂ | ( ੇ ) |
| ਦੁਲਾਵਾਂ | ( ੈ ) |
| ਹੋੜਾ | ( ੋ ) |
| ਕਨੌੜਾ | ( ੌ ) |

**ੳ, ਅ, ੲ ਨਾਲ ਲੱਗਣ ਵਾਲੀਆਂ ਲਗਾਂ ਦਾ ਵੇਰਵਾ:**

ੳ—ਔਂਕੜ ( ੁ ), ਦੁਲੈਂਕੜ ( ੂ ), ਹੋੜਾ ( ੋ )

[**ਨੋਟ—ੳ** ਦੇ ਨਾਲ ਹੋੜਾ ਅਲੱਗ ਨਹੀਂ ਲਗਾਇਆ ਜਾਂਦਾ। ਇਸ ਦਾ ਮੂੰਹ ਖੋਲ ਦਿੱਤਾ ਜਾਂਦਾ ਹੈ; ਜਿਵੇਂ—**ਓ** ਸ਼ਬਦ **ਓਹਲਾ**]

ਅ—ਕੰਨਾ ( ਾ ), ਦੁਲਾਵਾਂ ( ੈ ), ਕਨੌੜਾ ( ੌ )

ੲ—ਸਿਹਾਰੀ ( ਿ ), ਬਿਹਾਰੀ ( ੀ ), ਲਾਂ ( ੇ )

ਬਾਕੀ ਅੱਖਰਾਂ ਨਾਲ ਸਾਰੀਆਂ ਲਗਾਂ ਲੱਗ ਸਕਦੀਆਂ ਹਨ।

**ਉਚਾਰਨ ਦੇ ਸਮੇਂ ਦੀ ਦ੍ਰਿਸ਼ਟੀ ਤੋਂ ਇਹ ਲਗਾਂ ਦੋ ਪ੍ਰਕਾਰ ਦੀਆਂ ਹਨ:**

1. ਹ੍ਰਸਵ ਲਗਾਂ, 2. ਦੀਰਘ ਲਗਾਂ।

1. **ਹ੍ਰਸਵ ਲਗਾਂ**—ਜਿਨ੍ਹਾਂ ਲਗਾਂ ਦੇ ਉਚਾਰਨ ਵਿੱਚ ਥੋੜ੍ਹਾ ਸਮਾਂ ਲੱਗੇ ਉਨ੍ਹਾਂ ਨੂੰ ਹ੍ਰਸਵ ਲਗਾਂ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਇਹ ਤਿੰਨ ਹਨ; ਜਿਵੇਂ—ਮੁਕਤਾ, ਸਿਹਾਰੀ ਤੇ ਔਂਕੜ।
2. **ਦੀਰਘ ਲਗਾਂ**—ਜਿਨ੍ਹਾਂ ਲਗਾਂ ਦੇ ਉਚਾਰਨ ਵਿੱਚ ਜ਼ਿਆਦਾ ਸਮਾਂ ਲੱਗੇ ਉਨ੍ਹਾਂ ਨੂੰ ਦੀਰਘ ਲਗਾਂ ਕਿਹਾ ਜਾਂਦਾ ਹੈ। ਇਹ ਸੱਤ ਹਨ; ਜਿਵੇਂ—ਕੰਨਾ, ਬਿਹਾਰੀ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ ਤੇ ਕਨੌੜਾ।

**ਵਿਸ਼ੇਸ਼ ਜਾਣਕਾਰੀ**—ਜਦੋਂ ਕਿਸੇ ਦੀਰਘ ਲਗ ਦੀ ਅਵਾਜ਼ ਲੰਮੇਰੀ ਹੋ ਕੇ ਨਿਕਲੇ ਤਾਂ ਉਸ ਨਾਲ ਅੱਖਰ **ਅ** ਲਿਖਿਆ ਜਾਂਦਾ ਹੈ; ਜਿਵੇਂ—ਦਬਾਅ, ਸੁਭਾਅ ਆਦਿ।

## 3. ਲਗਾਖਰ

ਲਗਾਂ-ਮਾਤਰਾਂ ਨਾਲ ਜੁੜ ਕੇ ਵਰਤੋਂ ਵਿੱਚ ਆਉਣ ਵਾਲੇ ਲਿਪੀ ਚਿੰਨ੍ਹਾਂ ਨੂੰ **ਲਗਾਖਰ** ਕਿਹਾ ਜਾਂਦਾ ਹੈ। ਇਨ੍ਹਾਂ ਸੰਕੇਤਾਂ ਦਾ ਸੁਤੰਤਰ ਰੂਪ ਵਿੱਚ ਕੋਈ ਅਰਥ ਨਹੀਂ ਹੁੰਦਾ, ਪਰ ਲਗਾਂ ਨਾਲ ਜੁੜ ਕੇ ਇਹ ਸ਼ਬਦਾਂ ਦੇ ਅਰਥ ਬਦਲਦੇ ਹਨ।

**ਪੰਜਾਬੀ ਭਾਸ਼ਾ ਦੀਆਂ ਧੁਨੀਆਂ ਦੇ ਉਚਾਰਨ ਲਈ ਤਿੰਨ ਕਿਸਮ ਦੇ ਲਗਾਖਰ ਵਰਤੋਂ ਵਿੱਚ ਆਉਂਦੇ ਹਨ:**

1. ਬਿੰਦੀ, 2. ਟਿੱਪੀ, 3. ਅੱਧਕ।

### ਬਿੰਦੀ ਤੇ ਟਿੱਪੀ

ਨਾਸਕੀ ਸਵਰਾਂ ਨੂੰ ਲਿਪੀ ਵਿੱਚ ਅੰਕਿਤ ਕਰਨ ਲਈ ਕੇਵਲ ਦੋ ਲਿਪੀ ਚਿੰਨ੍ਹ ਬਿੰਦੀ ਤੇ ਟਿੱਪੀ ( ੰ ਤੇ ੰ ) ਹਨ। ਬਿੰਦੀ ਦਾ ਕਾਰਜ ਇਕਹਿਰਾ ਹੈ, ਭਾਵ ਇਹ ਸਿਰਫ਼ ਨਾਸਿਕਤਾ ਨੂੰ ਅੰਕਿਤ ਕਰਨ ਵਾਲਾ ਚਿੰਨ੍ਹ ਹੈ ਜਦੋਂ ਕਿ ਟਿੱਪੀ ਚਿੰਨ੍ਹ ਦਾ ਕਾਰਜ ਦੂਹਰਾ ਹੈ। ਇਸ ਰਾਹੀਂ ਨਾਸਿਕਤਾ ਦੇ ਨਾਲ-ਨਾਲ ਦੁੱਤਕਰਨ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਬਿੰਦੀ ਤੇ ਟਿੱਪੀ ਦੀ ਵਰਤੋਂ ਦੇ ਨਿਯਮ ਅੱਖਰਾਂ ਦੀ ਬਣਤਰ ਵਿੱਚ ਬਚਦੀ ਥਾਂ ਦੇ ਲਿਹਾਜ਼ ਨਾਲ ਜੁੜੇ ਹੋਏ ਹਨ। ਲਿਖਣ ਵੇਲੇ ਜਦੋਂ ਕਿਸੇ ਸਵਰ ਨੂੰ ਨਾਸਕੀ ਕਰਨਾ ਹੁੰਦਾ ਹੈ ਅਤੇ ਉਸ ਸਵਰ ਦੇ ਲਿਖਤ ਰੂਪ ਦੇ ਸੱਜੇ ਪਾਸੇ ਵੱਲ ਥਾਂ ਨਹੀਂ ਬਚਦੀ ਤਾਂ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ—ਬਿਹਾਰੀ, ਲਾਂ, ਦੁਲਾਵਾਂ, ਕੰਨਾ ਤੇ ਕਨੌੜਾ ਨਾਲ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਕਿ ਸਿਹਾਰੀ, ਮੁਕਤੇ ਅਤੇ ਔਂਕੜ ਨਾਲ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਜੇ ਦੁਲੈਂਕੜ ਕਿਸੇ ਸ਼ਬਦ ਰੂਪ ਦੀ ਬਣਤਰ ਵਿੱਚ ਵਿਚਰਦੇ ਹਨ ਤਾਂ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਜਦੋਂ ਦੁਲੈਂਕੜ ਸਵਰ-ਵਾਹਕ (ੳ) ਦੀ ਮਦਦ ਨਾਲ ਅੰਕਿਤ ਹੋਣ ਤਾਂ **ੳ** ਦੇ ਉੱਪਰ ਸੱਜੇ ਪਾਸੇ ਬਿੰਦੀ ਦੀ ਵਰਤੋਂ ਹੁੰਦੀ ਹੈ। ਜਿਵੇਂ—ਜਿਊਂਣਾ, ਊਂਘਣਾ

### ਅੱਧਕ

ਗੁਰਮੁਖੀ ਲਿਪੀ ਵਿੱਚ ਅੱਧਕ ( ੱ ) ਦੀ ਵਰਤੋਂ ਦੁੱਤਕਰਨ ਅਤੇ ਦਬਾਅ ਵਾਸਤੇ ਕੀਤੀ ਜਾਂਦੀ ਹੈ। ਜਦੋਂ ਕਿਸੇ ਸ਼ਬਦ ਬਣਤਰ ਵਿੱਚ ਇਕਹਿਰੀ ਵਿਅੰਜਨ ਧੁਨੀ ਦੇ ਵਰਤਣ ਨਾਲ ਅਤੇ ਦੂਹਰੀ ਵਿਅੰਜਨ ਧੁਨੀ ਦੇ ਵਰਤਣ ਨਾਲ ਸ਼ਬਦਾਂ ਦੇ ਅਰਥਾਂ ਵਿੱਚ ਅੰਤਰ ਆਵੇ ਤਾਂ ਦੂਹਰੀ ਵਿਅੰਜਨ ਧੁਨੀ ਦੀ ਥਾਂ 'ਤੇ ਗੁਰਮੁਖੀ ਲਿਪੀ ਵਿੱਚ ਅੱਧਕ ਦੀ ਸਹੂਲਤ ਹੈ; ਜਿਵੇਂ—**ਭਜ** ਤੇ **ਭੱਜ**। **ਭਜ** ਦਾ ਅਰਥ ਹੈ **ਨਾਮ ਜਪਣਾ** ਅਤੇ **ਭੱਜ** ਦਾ ਅਰਥ ਹੈ **ਦੌੜਨਾ**। ਅੱਧਕ ਦੀ ਵਰਤੋਂ ਨਾਲ ਇੱਕ ਤਾਂ ਸ਼ਬਦ ਦੇ ਅਰਥਾਂ ਵਿੱਚ ਵਖਰੇਵਾਂ ਆਉਂਦਾ ਹੈ, ਦੂਜਾ ਸ਼ਬਦ ਦੇ ਉਚਾਰਨ ਵਿੱਚ ਅੰਤਰ ਆਉਂਦਾ ਹੈ; ਜਿਵੇਂ—ਵਿੱਚ-ਵਿੱਚ, ਕੁੱੜ-ਕੁੜ। ਪਰ ਹੁਣ ਪੰਜਾਬੀ ਦੀ ਲਿਖਣ ਪੱਧਤੀ ਵਿੱਚ ਜਿੱਥੇ ਅੱਧਕ ਦੀ ਵਰਤੋਂ ਨਾਲ ਅਰਥ-ਭੇਦ ਨਹੀਂ ਹੁੰਦਾ, ਅੱਧਕ ਦੀ ਵਰਤੋਂ ਘਟਦੀ ਜਾ ਰਹੀ ਹੈ।

## ਅਭਿਆਸ

**1. ਠੀਕ ਉੱਤਰ ਅੱਗੇ ਸਹੀ (✓) ਦਾ ਚਿੰਨ੍ਹ ਲਗਾਓ।**

**1. ਗੁਰਮੁਖੀ ਲਿਪੀ ਦੇ ਹੁਣ ਕਿੰਨੇ ਅੱਖਰ ਹਨ?**

(ੳ) ਪੈਂਤੀ (ਅ) ਚਾਲ੍ਹੀ (ੲ) ਇਕਤਾਲੀ (ਸ) ਪੰਜਾਹ

# 4 ਪੰਜਾਬੀ ਸ਼ਬਦ-ਜੋੜਾਂ ਦੇ ਨਿਯਮ

ਸ਼ਬਦ-ਜੋੜਾਂ ਦੇ ਨਿਯਮ ਲਿਖਣ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਸਮੇਂ ਦੇ ਬੀਤਣ ਨਾਲ ਪੰਜਾਬੀ ਭਾਸ਼ਾ ਦੇ ਬੋਲਣ ਵਿੱਚ ਜੋ ਅੰਤਰ ਆਇਆ ਹੈ ਅਤੇ ਭਾਸ਼ਾ ਚੇਤੰਨਤਾ ਜਿਸ ਤੇਜ਼ੀ ਨਾਲ ਵੱਧੀ ਹੈ, ਇਸ ਤੋਂ ਪਹਿਲਾਂ ਵੇਖਣ ਵਿੱਚ ਨਹੀਂ ਮਿਲਦੀ। ਗਿਆਨ ਵਿੱਚ ਵਾਧੇ ਕਾਰਨ ਭਾਸ਼ਾ ਦੀ ਸ਼ੁੱਧਤਾ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਮਹਿਸੂਸ ਕੀਤੀ ਗਈ ਹੈ। ਅੱਜ ਪੰਜਾਬੀ ਭਾਸ਼ਾ ਉੱਪਰ ਹਿੰਦੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ, ਜਿਸ ਕਾਰਨ ਉਚਾਰਨ ਵਿੱਚ ਵੀ ਕਈ ਤਬਦੀਲੀਆਂ ਵਾਪਰੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਭਾਸ਼ਾਵਾਂ ਦੀ ਸ਼ਬਦਾਵਲੀ ਦੀ ਵਰਤੋਂ ਨੇ ਸਾਡੇ ਸਾਹਮਣੇ ਇਹ ਪ੍ਰਸ਼ਨ ਵੀ ਖੜ੍ਹਾ ਕਰ ਦਿੱਤਾ ਹੈ ਕਿ ਨਵੇਂ ਸ਼ਬਦ ਕਿੱਥੋਂ ਤੇ ਕਿਵੇਂ ਲਏ ਜਾਣ?

ਪੰਜਾਬੀ ਸ਼ਬਦ-ਜੋੜਾਂ ਦਾ ਪਹਿਲਾ ਨਿਯਮ ਹੈ—"ਜਿਵੇਂ ਬੋਲੋ ਤਿਵੇਂ ਲਿਖੋ।" ਇਹ ਨਿਯਮ ਕਈ ਜਗ੍ਹਾ 'ਤੇ ਲਾਗੂ ਨਹੀਂ ਹੁੰਦਾ। ਇਸ ਨਿਯਮ ਨੂੰ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਸਾਡੇ ਲਈ ਕੁਝ ਜਾਣ ਲੈਣਾ ਬਹੁਤ ਜ਼ਰੂਰੀ ਹੈ।

ਪੰਜਾਬੀ ਵਿੱਚ ਧੁਨੀ-ਵਿਉਂਤ ਵਿੱਚ ਆਏ ਬਦਲਾਵ ਨੂੰ ਗੁਰਮੁਖੀ ਲਿਪੀ ਵਿੱਚ ਅੰਕਤ ਕਰਨ ਲਈ ਹੁਣ ਕੋਈ ਤਸੱਲੀ-ਬਖਸ਼ ਤਰੀਕਾ ਨਹੀਂ ਅਪਣਾਇਆ ਗਿਆ।

**ਪੰਜਾਬੀ ਵਿਅੰਜਨ ਦੋ ਤਰਾਂ ਦੇ ਹਨ**—1.ਡਕਵੇਂ ਵਿਅੰਜਨ, 2.ਅਡਕਵੇਂ ਵਿਅੰਜਨ।

1. **ਡਕਵੇਂ ਵਿਅੰਜਨ**—ਡਕਵੇਂ ਵਿਅੰਜਨ ਉਹ ਹਨ ਜਿਨ੍ਹਾਂ ਵਿਅੰਜਨ ਧੁਨੀਆਂ ਦਾ ਉਚਾਰਨ ਹਵਾ ਨੂੰ ਪੂਰਨ ਰੂਪ ਵਿੱਚ ਰੋਕ ਕੇ ਇੱਕ ਦਮ ਛੱਡਣ ਨਾਲ ਹੁੰਦਾ ਹੈ। ਪ ਫ ਬ ਤ ਥ ਦ ਟ ਠ ਡ ਚ ਛ ਜ ਕ ਖ ਗ ਡਕਵੇਂ ਵਿਅੰਜਨ ਹਨ।
2. **ਅਡਕਵੇਂ ਵਿਅੰਜਨ**—ਮ ਨ ਣ ਵ ਙ ਲ ਰ ੜ ਸ ਸ਼ ਹ ਅਡਕਵੇਂ ਵਿਅੰਜਨ ਹਨ। ਜਿਨ੍ਹਾਂ ਧੁਨੀਆਂ ਦਾ ਉਚਾਰਨ ਫੇਫੜਿਆਂ ਵਿੱਚੋਂ ਆਉਂਦੀ ਹਵਾ ਨੂੰ ਅੰਸ਼ਕ ਰੂਪ ਵਿੱਚ ਰੋਕ ਕੇ ਛੱਡਣ ਨਾਲ ਹੁੰਦਾ ਹੈ, ਉਨ੍ਹਾਂ ਨੂੰ ਅਡਕਵੇਂ ਵਿਅੰਜਨ ਕਿਹਾ ਜਾਂਦਾ ਹੈ। ਵਿਅੰਜਨਾਂ ਦੀ ਉਚਾਰਨ-ਕਿਰਿਆ ਦੀ ਵਿਆਖਿਆ ਲਈ ਅੱਗੇ ਲਿਖੇ ਪੱਖਾਂ ਨੂੰ ਅਧਾਰ ਬਣਾਇਆ ਜਾਂਦਾ ਹੈ— 1. ਉਚਾਰਨ ਅੰਗ, 2. ਉਚਾਰਨ ਸਥਾਨ, 3. ਉਚਾਰਨ ਵਿਧੀ।

   ਉਚਾਰਨ ਨਾਲ ਹੀ ਸੰਬੰਧਤ ਹਨ—ਪੰਜਾਬੀ ਸੁਰ।

## ਪੰਜਾਬੀ ਸੁਰ

ਸੁਰ ਸ਼ਬਦ ਤੱਕ ਸੀਮਤ ਹਨ। ਸੁਰ ਦਾ ਸ਼ਬਦਾਂ ਵਿੱਚ ਵਿਚਰਨ ਵਾਲੇ ਸਵਰਾਂ ਤੇ ਵਿਅੰਜਨਾਂ ਦੀ ਗਿਣਤੀ ਅਤੇ ਤਰਤੀਬ ਉੱਤੇ ਤਾਂ ਕੋਈ ਪ੍ਰਭਾਵ ਨਹੀਂ ਪੈਂਦਾ, ਪਰ ਸੁਰ ਲੱਗਣ ਨਾਲ ਸ਼ਬਦ ਦਾ ਉਚਾਰਨ ਅਤੇ ਅਰਥ ਜ਼ਰੂਰ ਬਦਲ ਜਾਂਦੇ ਹਨ। ਮੂਲ ਰੂਪ ਵਿੱਚ ਸਵਰ ਸੁਰ ਦਾ ਪ੍ਰਭਾਂਵ ਵਧੇਰੇ ਕਬੂਲਦੇ ਹਨ।

**ਪੰਜਾਬੀ ਵਿੱਚ ਤਿੰਨ ਸੁਰ ਹਨ:**

1. ਨੀਵੀਂ ਸੁਰ, 2. ਪੱਧਰੀ ਸੁਰ/ਵਿਚਕਾਰਲੀ ਸੁਰ, 3. ਉੱਚੀ ਸੁਰ।

1. **ਨੀਵੀਂ ਸੁਰ**—ਨੀਵੀਂ ਸੁਰ ਨਾਲ ਉਚਾਰੇ ਗਏ ਸਵਰ ਦਾ ਉਚਾਰਨ ਵਕਫ਼ਾ ਸਭ ਤੋਂ ਵੱਧ ਹੁੰਦਾ ਹੈ।
2. **ਪੱਧਰੀ/ਵਿਚਕਾਰਲੀ ਸੁਰ**—ਪੱਧਰੀ ਸੁਰ ਨਾਲ ਉਚਾਰੇ ਗਏ ਸਵਰ ਦਾ ਉਚਾਰਨ ਵਕਫ਼ਾ ਨੀਵੀਂ ਸੁਰ ਤੋਂ ਘੱਟ ਹੁੰਦਾ ਹੈ।
3. **ਉੱਚੀ ਸੁਰ**—ਉੱਚੀ ਸੁਰ ਨਾਲ ਉਚਾਰੇ ਗਏ ਸਵਰ ਦਾ ਉਚਾਰਨ ਵਕਫ਼ਾ ਪੱਧਰੀ ਸੁਰ ਤੋਂ ਵੀ ਘੱਟ ਹੁੰਦਾ ਹੈ।

ਇੱਥੇ ਨੋਟ ਕਰਨ ਵਾਲੀ ਇੱਕ ਗੱਲ ਹੋਰ ਵੀ ਹੈ ਕਿ ਪੰਜਾਬੀ ਵਿੱਚ ਸੁਰ ਅਤੇ ਦਬਾ ਹਮੇਸ਼ਾ ਇਕੱਠੇ ਹੀ ਆਉਂਦੇ ਹਨ।

**ਭਾਸ਼ਾ ਵਿਗਿਆਨੀਆਂ ਅਨੁਸਾਰ ਪੰਜਾਬੀ ਵਿੱਚ ਹਰੇਕ ਉਚਾਰਨ ਸਥਾਨ ਤੋਂ ਸਿਰਫ਼ ਤਿੰਨ ਡਕਵੇਂ ਮੌਖਿਕ ਵਿਅੰਜਨ ਉਚਾਰੇ ਜਾਂਦੇ ਹਨ; ਜਿਵੇਂ ਕਿ:**

ਕ ਖ ਗ
ਚ ਛ ਜ
ਟ ਠ ਡ
ਤ ਥ ਦ
ਪ ਫ ਬ

**ਗੁਰਮੁਖੀ ਲਿਪੀ ਵਿੱਚ ਹਰ ਇੱਕ ਵਰਗ ਦੇ ਨਾਲ ਇੱਕ ਚੌਥਾ ਅੱਖਰ ਹੈ:**

ਕ ਖ ਗ (ਘ)
ਚ ਛ ਜ (ਝ)
ਟ ਠ ਡ (ਢ)
ਤ ਥ ਦ (ਧ)
ਪ ਫ ਬ (ਭ)

ਭਾਸ਼ਾ ਵਿਗਿਆਨੀਆਂ ਦਾ ਮੰਨਣਾ ਹੈ ਕਿ ਪੰਜ ਅੱਖਰ ਘ, ਝ, ਢ, ਧ, ਭ ਪੰਜਾਬੀ ਉਚਾਰਨ ਵਿੱਚੋਂ ਖਾਰਜ ਹੋ ਚੁੱਕੇ ਹਨ ਅਤੇ ਇਨ੍ਹਾਂ ਦੀ ਜਗ੍ਹਾ ਸੁਰ ਨੇ ਲੈ ਲਈ ਹੈ। ਪਰ, ਗੁਰਮੁਖੀ ਲਿਪੀ ਵਿੱਚ ਸੁਰ ਨੂੰ ਅੰਕਤ ਕਰਨ ਦੀ ਹੁਣ ਤੱਕ ਕੋਈ ਵਿਵਸਥਾ ਨਹੀਂ। ਇਸ ਕਾਰਨ ਲਿਖਣ ਰੀਤੀ ਵਿੱਚ ਅਤੇ ਉਚਾਰਨ ਰੀਤੀ ਵਿੱਚ ਤਰੇੜ ਸਾਫ਼ ਵਿਖਾਈ ਦਿੰਦੀ ਹੈ।

[**ਨੋਟ**—*ਵਧੇਰੇ ਜਾਣਕਾਰੀ ਲਈ ਭਾਸ਼ਾ ਵਿਗਿਆਨੀਆਂ ਵੱਲੋਂ ਤਿਆਰ ਕੀਤੇ ਗਏ ਵਿਆਕਰਨਾਂ ਨੂੰ ਵੇਖਿਆ ਜਾ ਸਕਦਾ ਹੈ।*]

ਇਸ ਤੋਂ ਇਲਾਵਾ **ਹ** ਅੱਖਰ ਦੇ ਉਚਾਰਨ ਅਤੇ ਗੁਰਮੁਖੀ ਲਿਪੀ ਵਿੱਚ ਇਸ ਦਾ ਅੰਕਣ ਵੀ ਇੱਕ ਜਟਿਲ ਸਮੱਸਿਆ ਹੈ। **ਹ** ਅੱਖਰ ਵੀ ਬਹੁਤੀਆਂ ਪ੍ਰਸਥਿਤੀਆਂ ਵਿੱਚ ਸੁਰ ਵਿੱਚ ਬਦਲ ਜਾਂਦਾ ਹੈ। **ਮਾਝੀ** ਉਪਭਾਸ਼ਾ ਵਿੱਚ ਸ਼ਬਦ ਦੀ ਵਿਚਕਾਰਲੀ ਸਥਿਤੀ ਦੇ ਅੰਤਰਗਤ **ਹ** ਦਾ ਉਚਾਰਨ ਵਿਅੰਜਨ ਦੇ ਤੌਰ 'ਤੇ ਨਹੀਂ ਹੁੰਦਾ ਸਗੋਂ ਇਹ ਅੱਖਰ ਸੁਰ ਨੂੰ ਹੀ ਸਾਕਾਰ ਕਰਦਾ ਹੈ ਜਦੋਂ ਕਿ ਸ਼ਬਦ ਦੀ ਅਰੰਭਲੀ ਸਥਿਤੀ ਵਿੱਚ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਵਿੱਚ **ਹ** ਅੱਖਰ ਦਾ ਉਚਾਰਨ ਵਿਅੰਜਨ ਵਾਲਾ ਹੀ ਰਹਿੰਦਾ ਹੈ। ਪਰ, ਸ਼ਬਦ ਦੀ ਵਿਚਕਾਰਲੀ ਸਥਿਤੀ ਦੇ ਅੰਤਰਗਤ **ਹ** ਅੱਖਰ ਦਾ ਉਚਾਰਨ ਦੁਆਬੀ, ਪੁਆਧੀ ਅਤੇ ਮਲਵਈ ਵਿੱਚ ਮਾਝੀ ਨਾਲੋਂ ਥੋੜ੍ਹਾ ਵੱਖਰਾ ਹੈ। [**ਨੋਟ:** *ਇਸ ਸਮੱਸਿਆ ਦੀ ਵਧੇਰੇ ਜਾਣਕਾਰੀ ਤੇ ਹੱਲ ਲਈ ਪੰਜਾਬੀ ਵਿਸ਼ਵ ਕੋਸ਼ ਜਿਲਦ ਛੇਵੀਂ ਨੂੰ ਵੇਖਿਆ ਜਾ ਸਕਦਾ ਹੈ।*]

**'ਹ' ਅੱਖਰ ਨਾਲ ਸੰਬੰਧਤ ਪੰਜਾਬੀ ਸ਼ਬਦ-ਜੋੜ ਦੇ ਨਿਯਮ ਜੋ ਹੁਣ ਤੱਕ ਸਾਨੂੰ ਪ੍ਰਾਪਤ ਹਨ ਉਨ੍ਹਾਂ ਅਨੁਸਾਰ:**

**ਹ** ਅੱਖਰ ਜਦੋਂ ਸ਼ਬਦ ਦੇ ਵਿਚਕਾਰ ਆਉਂਦਾ ਹੈ ਅਤੇ ਉਸ ਤੋਂ ਪਹਿਲਾਂ ਆਉਂਦੇ ਅੱਖਰ ਨੂੰ ਸਿਹਾਰੀ ਲੱਗੀ ਹੋਈ ਹੈ, ਤਾਂ ਉਸ ਦਾ ਉਚਾਰਨ **ਏ** ਵਿੱਚ ਹੁੰਦਾ ਹੈ ਅਤੇ ਉੱਚੀ ਸੁਰ ਬੋਲੀ ਜਾਂਦੀ ਹੈ; ਜਿਵੇਂ—ਮਿਹਰ, ਸਿਹਰਾ, ਜਿਹੜਾ, ਵਿਹੜਾ, ਸਿਹਤ।

ਇਸੇ ਤਰ੍ਹਾਂ ਸ਼ਬਦ ਦੇ ਵਿਚਕਾਰਲੀ ਸਥਿਤੀ ਵਿੱਚ **ਹ** ਅੱਖਰ ਹੋਵੇ ਤੇ **ਹਾਹੇ** ਨੂੰ ਸਿਹਾਰੀ ਲੱਗੀ ਹੋਵੇ ਤਾਂ ਉਸ ਦਾ ਉਚਾਰਨ **ਐ** ਵਿੱਚ ਹੁੰਦਾ ਹੈ ਅਤੇ ਉੱਚੀ ਸੁਰ ਬੋਲੀ ਜਾਂਦੀ ਹੈ; ਜਿਵੇਂ—ਸ਼ਹਿਰ, ਨਹਿਰ, ਕਹਿਰ, ਕਹਿਣਾ, ਸਹਿੰਦਾ।

ਇਸੇ ਤਰ੍ਹਾਂ ਹੀ **ਹਾਹਾ** ਜਦੋਂ ਸ਼ਬਦ ਦੇ ਵਿਚਕਾਰ ਹੋਵੇ ਅਤੇ ਇਸ ਤੋਂ ਪਹਿਲੇ ਅੱਖਰ ਨੂੰ **ਔਂਕੜ** ( ੁ ) ਲਗਾ ਹੋਵੇ ਤਾਂ ਇਸ ਦਾ ਉਚਾਰਨ **ਓ** ਵਿੱਚ ਹੁੰਦਾ ਹੈ ਅਤੇ ਉੱਚੀ ਸੁਰ ਬੋਲੀ ਜਾਂਦੀ ਹੈ; ਜਿਵੇਂ—ਸੁਹਣਾ, ਕੁਹਜ, ਉਹ, ਸੁਹਜ, ਦੁਹਰੀ।

ਪਰ, ਜਦੋਂ **ਹਾਹਾ** ਸ਼ਬਦ ਦੇ ਵਿਚਕਾਰ ਹੋਵੇ ਅਤੇ **ਹਾਹੇ** ਨੂੰ ਔਂਕੜ ਲਗਾ ਹੋਵੇ ਤਾਂ ਇਸ ਦਾ ਉਚਾਰਨ **ਔ** ਵਿੱਚ ਹੁੰਦਾ ਹੈ ਅਤੇ ਉੱਚੀ ਸੁਰ ਬੋਲੀ ਜਾਂਦੀ ਹੈ; ਜਿਵੇਂ—ਸਹੁਰਾ, ਬਹੁਤ, ਵਹੁਟੀ, ਮਹੁਰਾ, ਰਹੁ।

ਪੰਜਾਬੀ ਵਿੱਚ ਦੁੱਤ ਅੱਖਰ ਹਨ—**ਹ, ਰ, ਵ**। ਇਹ ਦੂਜੇ ਅੱਖਰਾਂ ਦੇ ਪੈਰਾਂ ਵਿੱਚ ਲਿਖੇ ਜਾਂਦੇ ਹਨ। **ਹ** ਅੱਖਰ ਨੂੰ ਪੈਰਾਂ ਵਿੱਚ ਲਿਖਣ ਦੇ ਢੰਗ ਅਤੇ ਉਚਾਰਨ ਵਿਧੀ ਵਿੱਚ ਕੋਈ ਟਕਰਾ ਨਹੀਂ ਹੈ, ਪਰ, **ਰ** ਤੇ **ਵ** ਨੂੰ ਦੂਜੇ ਅੱਖਰਾਂ ਦੇ ਪੈਰਾਂ ਵਿੱਚ ਲਿਖਣ ਨਾਲ ਕੁਝ ਸਮੱਸਿਆਵਾਂ ਪੈਦਾ ਹੁੰਦੀਆਂ ਹਨ; ਜਿਵੇਂ—ਪ੍ਰਕਿਰਤੀ, ਪ੍ਰਸਾਰਨ ਆਦਿ। ਲਿਖਣ ਦੀ ਪੱਧਰ ਤੇ ਤਾਂ ਇਸ ਨੂੰ ਵਿਅੰਜਨ ਗੁੱਛਾ ਸਵੀਕਾਰ ਕੀਤਾ ਜਾਂਦਾ ਹੈ (ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਸਵਰ ਦੀ ਮਦਦ ਤੋਂ ਬਗੈਰ ਇੱਕ ਜੁੱਟ ਵਜੋਂ ਉਚਾਰੇ ਜਾਣ ਤਾਂ ਇਨ੍ਹਾਂ ਵਿਅੰਜਨਾਂ ਨੂੰ ਵਿਅੰਜਨ ਗੁੱਛੇ ਆਖਿਆ ਜਾਂਦਾ ਹੈ), ਪਰ ਉਚਾਰਨ ਸਮੇਂ ਇਸ ਨੂੰ ਵਿਅੰਜਨ ਗੁੱਛੇ ਦੇ ਤੌਰ 'ਤੇ ਨਹੀਂ ਉਚਾਰਿਆ ਜਾਂਦਾ।

**1. ਉਚਾਰਨ ਤੇ ਲਿਖਣ ਢੰਗ ਵਿੱਚ ਅੰਤਰ ਸਾਨੂੰ ਹੋਰ ਵੀ ਕਈ ਜਗ੍ਹਾ 'ਤੇ ਵੇਖਣ ਨੂੰ ਮਿਲਦਾ ਹੈ; ਜਿਵੇਂ:**

1. ਦਬਾਅ, ਸੁਭਾਅ, ਝੁਕਾਅ ਆਦਿ।
2. ਆਦਿ, ਅਤਿ, ਬਜਾਇ ਆਦਿ।

ਇਹ ਸਹੀ ਹੈ ਕਿ ਕੋਈ ਵੀ ਭਾਸ਼ਾ ਸ਼ਬਦਾਵਲੀ ਦੀ ਪੱਧਰ 'ਤੇ ਆਤਮ ਨਿਰਭਰ ਨਹੀਂ ਹੁੰਦੀ ਅਤੇ ਕਿਸੇ ਇੱਕ ਵਿਸ਼ੇਸ਼ ਭਾਸ਼ਾ ਨੂੰ ਆਪਣੇ ਸੰਪਰਕ ਵਿੱਚ ਆਉਣ ਵਾਲੀਆਂ ਭਾਸ਼ਾਵਾਂ ਤੋਂ ਸ਼ਬਦ ਉਧਾਰੇ ਲੈਣੇ ਪੈਂਦੇ ਹਨ। ਪਰ, ਜਦੋਂ ਉਧਾਰ ਲਏ ਗਏ ਸ਼ਬਦਾਂ ਦੇ ਉਚਾਰਨ ਦੀ ਸਮੱਸਿਆ ਸਾਹਮਣੇ ਆਉਂਦੀ ਹੋਵੇ ਤਾਂ ਸਾਨੂੰ ਸਰੋਤ ਭਾਸ਼ਾ ਉੱਪਰ ਟੇਕ ਰੱਖਣ ਦੀ ਬਜਾਇ ਉਨ੍ਹਾਂ ਨੂੰ ਪੰਜਾਬੀ ਧੁਨੀ-ਵਿਉਂਤ ਅਨੁਸਾਰ ਢਾਲਣਾ ਚਾਹੀਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬੀ ਸ਼ਬਦ-ਜੋੜਾਂ ਦੇ ਨਿਯਮ ਦਾ ਪਹਿਲਾ ਨਿਯਮ "ਜਿਵੇਂ ਬੋਲੋ ਤਿਵੇਂ ਲਿਖੋ" ਹਰ ਸ਼ਬਦ ਉੱਪਰ ਲਾਗੂ ਨਹੀਂ ਹੁੰਦਾ। ਇਹ ਗੱਲ ਵੱਖਰੀ ਹੈ ਕਿ ਵਿਦਵਾਨਾਂ ਨੇ ਉਚਾਰਨ ਤੇ ਲਿਖਣ ਢੰਗ ਦੇ ਅੰਤਰ ਨੂੰ ਖ਼ਤਮ ਕਰਨ ਲਈ ਸ਼ਬਦ-ਜੋੜ ਦੇ ਕਈ ਨਿਯਮ ਦੱਸੇ ਹਨ, ਪਰ ਫੇਰ ਵੀ ਕਿਧਰੇ ਨਾ ਕਿਧਰੇ ਪ੍ਰਸ਼ਨ ਚਿੰਨ੍ਹ ਲੱਗ ਹੀ ਜਾਂਦਾ ਹੈ।

**2. ਬਿੰਦੀ, ਟਿੱਪੀ ਤੇ ਅੱਧਕ ਦੀ ਗਲਤ ਵਰਤੋਂ ਕਰਨ ਨਾਲ ਸ਼ਬਦਾਂ ਦੇ ਅਰਥਾਂ ਵਿੱਚ ਅੰਤਰ ਆ ਜਾਂਦਾ ਹੈ; ਜਿਵੇਂ:**

| **ਬਿੰਦੀ—** | | **ਟਿੱਪੀ—** | | **ਅੱਧਕ—** | |
|---|---|---|---|---|---|
| 1. ਸੌਂਦਾ | ਸੌਦਾ | 1. ਸੰਗਲ | ਸਗਲ | 1. ਸੱਜਾ | ਸਜਾ |
| 2. ਬਾਂਗ | ਬਾਗ | 2. ਘੰਟਾ | ਘਟਾ | 2. ਨੱਮ | ਨਮ |
| 3. ਕਾਂ | ਕਾ | 3. ਪੰਨ | ਪਨ | 3. ਅੱਖ | ਅਖ |
| 4. ਗੇਂਦ | ਗੇਦ | 4. ਅੰਬ | ਅਬ | 4. ਇਕੱਠਾ | ਇਕਠਾ |
| 5. ਨਵੇਂ | ਨਵੇ | 5. ਹਿੰਦੂ | ਹਿਦੂ | 5. ਪੁੱਤਰ | ਪੁਤਰ |

**3. ਇਸੇ ਤਰ੍ਹਾਂ ਅੱਖਰ ਦੇ ਪੈਰ ਵਿੱਚ ਬਿੰਦੀ ਲੱਗਣ ਨਾਲ ਵੀ ਅਰਥਾਂ ਵਿੱਚ ਫਰਕ ਪੈਂਦਾ ਹੈ:**

| | | | |
|---|---|---|---|
| ਸੇਰ | ਸ਼ੇਰ | ਸੱਕ | ਸ਼ੱਕ |
| ਲਾਸ | ਲਾਸ਼ | ਸੌਂਕਣ | ਸ਼ੌਂਕਣ |
| ਸਬਦ | ਸ਼ਬਦ | | |

**4. ਅੱਖਰ ਦੇ ਪੈਰ ਵਿੱਚ 'ਹਾਹਾ' ਪਾਉਣ ਨਾਲ ਵੀ ਅਰਥਾਂ ਵਿੱਚ ਅੰਤਰ ਪੈਂਦਾ ਹੈ:**

| | | | |
|---|---|---|---|
| ਫੜ | ਫੜ੍ਹ | ਵਰ | ਵਰ੍ਹ |
| ਅੰਨਾ | ਅੰਨ੍ਹਾਂ | ਪੜਾਈ | ਪੜ੍ਹਾਈ |
| ਆਲਣਾ | ਆਲ੍ਹਣਾ | | |

**5. ਹਿੰਦੀ ਵਿੱਚ ਕਈ ਸ਼ਬਦ ਸਿਹਾਰੀ ( ਿ ) ਅੰਤ ਵਾਲੇ ਹਨ; ਜਿਵੇਂ—**ਕਵਿ (कवि), ਪਤਿ (पति), ਭੂਮਿ (भूमि)। ਪਰ ਪੰਜਾਬੀ ਵਿੱਚ ਇਸ ਨੂੰ ਇੰਜ ਲਿਖਿਆ ਜਾਵੇਗਾ; ਕਵੀ, ਪਤੀ, ਭੂਮੀ। ਪੰਜਾਬੀ ਵਿੱਚ ਆਮ ਤੌਰ 'ਤੇ ਕਿਸੇ ਸ਼ਬਦ ਦੇ ਅੰਤਲੇ ਅੱਖਰ ਨਾਲ ਸਿਹਾਰੀ ਜਾਂ ਔਂਕੜ ਨਹੀਂ ਹੁੰਦੀ।

[**ਨੋਟ—** *ਗੁਰਬਾਣੀ ਵਿੱਚ ਸਾਨੂੰ ਸ਼ਬਦ ਦੇ ਅੰਤਲੇ ਅੱਖਰ ਨਾਲ ਸਿਹਾਰੀ ਤੇ ਔਂਕੜ ਨਾਲ ਲਿਖੇ ਸ਼ਬਦ ਮਿਲਦੇ ਹਨ। ਪਰ, ਇੱਥੇ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਗੁਰਬਾਣੀ ਦਾ ਆਪਣਾ ਵੱਖਰਾ ਵਿਆਕਰਨ ਹੈ।*]

**6. ਮੂਲ ਸਰੋਤ ਸੰਸਕ੍ਰਿਤ ਤੋਂ ਲਏ ਗਏ ਬਹੁਤੇ ਸ਼ਬਦਾਂ ਨੂੰ ਤਦਭਵ ਭਾਵ ਰੂਪ ਬਦਲ ਕੇ ਲਿਖਿਆ ਜਾਂਦਾ ਹੈ; ਜਿਵੇਂ:**

| **ਸੰਸਕ੍ਰਿਤ** | **ਪੰਜਾਬੀ** | **ਸੰਸਕ੍ਰਿਤ** | **ਪੰਜਾਬੀ** | **ਸੰਸਕ੍ਰਿਤ** | **ਪੰਜਾਬੀ** |
|---|---|---|---|---|---|
| ਪੂਜਯ | ਪੂਜ | ਹਿਰਦਯ | ਹਿਰਦਾ | ਹਿਮਾਲਯ | ਹਿਮਾਲਾ |
| ਭੋਗਯ | ਭੋਗ | ਭਯ | ਭਉ | ਸਮਯ | ਸਮਾਂ |
| ਸਮਯ | ਸਮਾਂ | ਮੂਲਯ | ਮੁੱਲ | ਭਾਗਯ | ਭਾਗ |

**7. ਕਈ ਅੱਖਰਾਂ ਨੂੰ ਇੱਕ ਦੂਜੇ ਦੀ ਥਾਂ 'ਤੇ ਵਰਤਣ ਨਾਲ ਅਰਥਾਂ ਵਿੱਚ ਅੰਤਰ ਆ ਜਾਂਦਾ ਹੈ; ਜਿਵੇਂ:**

| 1. **ਗ ਤੇ ਘ** | | 2. **ਜ ਤੇ ਝ** | | 3. **ਡ ਤੇ ਢ** | |
|---|---|---|---|---|---|
| ਬਾਗ਼ | ਬਾਘ | ਬਾਜ਼ | ਬਾਝ | ਕੰਡਾ | ਕੰਢਾ |
| ਸੰਗ | ਸੰਘ | ਸੁੱਜਾ | ਸੁੱਝਾ | ਵੱਡੀ | ਵੱਢੀ |
| ਨਿੱਗਰ | ਨਿੱਘਰ | ਪੂੰਜੀ | ਪੂੰਝੀ | ਸਾਡੇ | ਸਾਢੇ |
| ਬੱਗੀ | ਬੱਘੀ | ਜੂਠ | ਝੂਠ | ਸੁੰਡ | ਸੁੰਢ |
| ਗੋਲ | ਘੋਲ | ਜਰਨਾ | ਝਰਨਾ | ਡਾਹ | ਢਾਹ |

| 4. ਦ ਤੇ ਧ | | 5. ਬ ਤੇ ਭ | | 6. ਣ ਤੇ ਨ | |
|---|---|---|---|---|---|
| ਸੁਗੰਦ | ਸੁਗੰਧ | ਸਬ | ਸਭ | ਖਾਣਾ | ਖਾਨਾ |
| ਗੰਦ | ਗੰਧ | ਲੱਬ | ਲੱਭ | ਬਣ | ਬਨ |
| ਉਦਾਰ | ਉਧਾਰ | ਬਲਵਾਨ | ਭਲਵਾਨ | ਹਾਣੀ | ਹਾਨੀ |
| ਖਾਦੀ | ਖਾਧੀ | ਬਾਈ | ਭਾਈ | ਤਾਣ | ਤਾਨ |
| ਦਾਤ | ਧਾਤ | ਬਾਰੀ | ਭਾਰੀ | ਮਣ | ਮਨ |

**8. ਪੰਜਾਬੀ ਵਿੱਚ 'ਕੇ' ਤੇ 'ਕਿ' ਵਿੱਚ ਬਹੁਤ ਅੰਤਰ ਹੈ:**

ਡਰ ਕੇ, ਛੱਡ ਕੇ, ਸੋ ਕੇ, ਰੋ ਕੇ, ਹੱਸ ਕੇ।

ਉਸ ਨੇ ਕਿਹਾ ਕਿ........।

ਅਧਿਆਪਕ ਨੇ ਕਿਹਾ ਕਿ........।

**9. ਪੰਜਾਬੀ ਵਿੱਚ ਪ੍ਰਚਲਿਤ ਸ਼ਬਦ ਅਧਾਰ, ਸਧਾਰਨ, ਅਜ਼ਾਦ, ਬਜ਼ਾਰ, ਕਨੂੰਨ, ਸਮਾਨ, ਬਰੀਕ ਆਦਿ ਸ਼ਬਦਾਂ ਨੂੰ ਮੂਲ ਰੂਪ ਵਿੱਚ ਹੀ ਲਿਖਿਆ ਜਾਂਦਾ ਹੈ। ਕਿਉਂਕਿ ਦੋ ਦੀਰਘ ਸਵਰ ਇੱਕਠੇ ਨਹੀਂ ਆਉਂਦੇ। ਜਿਵੇਂ:**

| | | | | | |
|---|---|---|---|---|---|
| ਅਧਾਰ | ਆਧਾਰ | ਸਧਾਰਨ | ਸਾਧਾਰਨ | ਹਲਾਤ | ਹਾਲਾਤ |
| ਅਜ਼ਾਦ | ਆਜ਼ਾਦ | ਬਜ਼ਾਰ | ਬਾਜ਼ਾਰ | ਪਤਾਲ | ਪਾਤਾਲ |
| ਕਨੂੰਨ | ਕਾਨੂੰਨ | ਸਮਾਨ | ਸਾਮਾਨ | | |
| ਬਰੀਕ | ਬਾਰੀਕ | ਅਸਾਨ | ਆਸਾਨ | | |

**10. 'ਕੇ' ਨੂੰ ਪਹਿਲੇ ਸ਼ਬਦ ਨਾਲ ਜੋੜ ਕੇ ਜਾਂ ਨਿਖੇੜ ਕੇ ਲਿਖਣ ਨਾਲ ਅਰਥ ਵਿੱਚ ਫਰਕ ਪੈ ਜਾਂਦਾ ਹੈ; ਜਿਵੇਂ:**

| | | | |
|---|---|---|---|
| ਖੱਟ ਕੇ | ਖੱਟਕੇ | ਕਰ ਕੇ | ਕਰਕੇ |
| ਸੜ ਕੇ | ਸੜਕੇ | ਹੱਟ ਕੇ | ਹਟਕੇ |
| ਸੌਂ ਕੇ | ਸੌਂਕੇ | | |

11. **ਸ਼ਹਿਰਾਂ ਦੇ ਨਾਂ ਜੋੜ ਕੇ ਲਿਖੇ ਜਾਂਦੇ ਹਨ–** ਚੰਡੀਗੜ੍ਹ, ਅੰਮ੍ਰਿਤਸਰ, ਪਠਾਨਕੋਟ, ਬਹਾਵਲਪੁਰ, ਸਹਾਰਨਪੁਰ

12. **ਨਿਖੇਧੀ ਰੂਪ ਲਈ 'ਅਣ' ਅਗੇਤਰ ਵਰਤਣਾ ਚਾਹੀਦਾ ਹੈ ਨਾ ਕਿ 'ਅਨ'।**

13. **'ਵਾਲਾ' ਪਿਛੇਤਰ ਪਹਿਲੇ ਸ਼ਬਦ ਨਾਲ ਜੋੜ ਕੇ ਲਿਖਿਆ ਜਾਂਦਾ ਹੈ—ਦੁੱਧਵਾਂਲਾ, ਸਬਜ਼ੀਵਾਲਾ, ਰਿਕਸ਼ਾਵਾਲਾ, ਪਾਨਵਾਲਾ, ਘੋੜੀਵਾਲਾ।**

14. ਸੰਸਕ੍ਰਿਤ ਨਿਯਮ ਅਨੁਸਾਰ ਬਣਾਏ ਜਾਣ ਵਾਲੇ ਵਿਸ਼ੇਸ਼ਣਾਂ ਦੇ ਅੰਤਿਮ ਤੋਂ ਪਹਿਲੇ ਅੱਖਰ ਨੂੰ ਸਿਹਾਰੀ ਲਗੇਗੀ। ਪੰਜਾਬੀ ਵਿੱਚ ਵੀ ਹੁਣ ਇਸ ਨਿਯਮ ਨੂੰ ਅਪਣਾਉਂਦੇ ਹੋਏ ਸ਼ਬਦ-ਜੋੜ ਸਵੀਕਾਰ ਕੀਤੇ ਗਏ ਹਨ। ਪਰ, ਕਈ ਥਾਂਈ ਸਾਨੂੰ ਪਹਿਲੇ ਨਿਯਮ ਅਨੁਸਾਰ ਹੀ ਲਿਖੇ ਮਿਲਦੇ ਹਨ। (ਪਹਿਲਾਂ ਇਹ ਨਿਯਮ ਸੀ ਕਿ ਹਿੰਦੀ ਸਾਮਾਜਿਕ, ਇਤਿਹਾਸਿਕ ਦੇ ਸ਼ਬਦਾਂ ਨੂੰ ਪੰਜਾਬੀ ਵਿੱਚ ਸਮਾਜਕ, ਇਤਿਹਾਸਕ ਲਿਖਿਆ ਜਾਣਾ ਚਾਹੀਦਾ ਹੈ) ਜਿਵੇਂ:

| | |
|---|---|
| ਵਿਗਿਆਨ ਤੋਂ ਵਿਗਿਆਨਿਕ | ਵਿਗਿਆਨਕ |
| ਸਮਾਜ ਤੋਂ ਸਮਾਜਿਕ | ਸਮਾਜਕ |
| ਇਤਿਹਾਸ ਤੋਂ ਇਤਿਹਾਸਿਕ | ਇਤਿਹਾਸਕ |
| ਅਰਥ ਤੋਂ ਆਰਥਿਕ | ਆਰਥਕ |
| ਧਰਮ ਤੋਂ ਧਾਰਮਿਕ | ਧਾਰਮਕ |

**15. ਅਰਬੀ-ਫ਼ਾਰਸੀ ਸ਼ਬਦਾਂ ਦੀ ਸਿਹਾਰੀ ਪੰਜਾਬੀ ਦੇ ਸ਼ਬਦਾਂ ਵਿੱਚ ਨਹੀਂ ਲਗਾਈ ਜਾਂਦੀ ਜਿਵੇਂ:**

| | |
|---|---|
| 1. ਹਾਜ਼ਿਰ | ਹਾਜ਼ਰ |
| 2. ਮਾਲਿਕ | ਮਾਲਕ |
| 3. ਸ਼ਾਮਿਲ | ਸ਼ਾਮਲ |
| 4. ਜ਼ਾਲਿਮ | ਜ਼ਾਲਮ |
| 5. ਹਾਕਿਮ | ਹਾਕਮ |

16. **ਪੰਜਾਬੀ ਵਿੱਚ ਕਈ ਫ਼ਾਰਸੀ ਸ਼ਬਦ ਮਿਲਦੇ ਹਨ। ਜਿਨ੍ਹਾਂ ਫ਼ਾਰਸੀ ਸ਼ਬਦਾਂ ਦੇ ਉਚਾਰਨ ਵਿੱਚ ਦੁਲਾਵਾਂ (ੈ) ਦੀ ਅਵਾਜ਼ ਆਵੇ, ਉਥੇ ਦੁਲਾਵਾਂ ਦੀ ਥਾਂ ਕੰਨਾ ਤੇ ਸਿਹਾਰੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ:**

| | |
|---|---|
| 1. ਤੈਨਾਤ | ਤਾਇਨਾਤ |
| 2. ਸ਼ਕੈਤ | ਸ਼ਿਕਾਇਤ |
| 3. ਫ਼ੈਦਾ | ਫਾਇਦਾ |
| 4. ਜੈਦਾਦ | ਜਾਇਦਾਦ |
| 5. ਸ਼ੈਦ | ਸ਼ਾਇਦ |

17. **ਸੰਸਕ੍ਰਿਤ ਭਾਸ਼ਾ ਵਿੱਚੋਂ ਪੰਜਾਬੀ ਵਿੱਚ ਤਤਸਮ ਰੂਪ ਵਿੱਚ ਲਏ ਗਏ ਸ਼ਬਦਾਂ ਨੂੰ ਲਿਖਣ ਵੇਲੇ ਵੀ ਕੁਝ ਨਿਯਮ ਲਗਦੇ ਹਨ। ਜਿਵੇਂ:**

(i) ਕੁਝ ਸ਼ਬਦਾਂ ਵਿੱਚ 'ਯ' ਅੱਖਰ 'ਇ' ਵਿੱਚ ਅਤੇ 'ਅ' ਤੇ 'ਇ' ਅੱਖਰ 'ੳ' ਵਿੱਚ ਬਦਲ ਜਾਂਦਾ ਹੈ।

| | |
|---|---|
| 1. ਗਯਾਨ | ਗਿਆਨ |
| 2. ਗਯਾ | ਗਿਆ |
| 3. ਆਯਾ | ਆਇਆ |
| 4. ਹੋਯਾ | ਹੋਇਆ |
| 5. ਰੋਯਾ | ਰੋਇਆ |

(ii) ਸੰਸਕ੍ਰਿਤ ਸ਼ਬਦਾਂ ਦੇ ਅੰਤਮ ਸਿਹਾਰੀ ਵਾਲੇ ਸ਼ਬਦਾਂ ਨੂੰ ਪੰਜਾਬੀ ਵਿੱਚ ਬਿਹਾਰੀ ਲਾਈ ਜਾਂਦੀ ਹੈ। ਜਿਵੇਂ:

| | |
|---|---|
| 1. ਧੁਨਿ | ਧੁਨੀ |
| 2. ਗੋਸ਼ਟਿ | ਗੋਸ਼ਟੀ |
| 3. ਭਗਤਿ | ਭਗਤੀ |
| 4. ਗਤਿ | ਗਤੀ |
| 5. ਸ਼ਕਤਿ | ਸ਼ਕਤੀ |

(iii) ਸੰਸਕ੍ਰਿਤ ਦੇ ਸ਼ਬਦਾਂ ਨੂੰ ਪੰਜਾਬੀ ਵਿੱਚ ਲਿਖਣ ਵੇਲੇ ਅੱਧਾ 'ਰ' ਹੱਟਾ ਕੇ ਪੂਰਾ 'ਰ' ਵਰਤਿਆ ਜਾਂਦਾ ਹੈ। ਜਿਵੇਂ:

| | |
|---|---|
| 1. ਮਿਤ੍ਰ | ਮਿੱਤਰ |
| 2. ਭ੍ਰਮ | ਭਰਮ |
| 3. ਪੁਤ੍ਰ | ਪੁੱਤਰ |
| 4. ਮੰਤ੍ਰੀ | ਮੰਤਰੀ |
| 5. ਪ੍ਰਮਾਤਮਾ | ਪਰਮਾਤਮਾ |

18. ਲਗ-ਹੀਣ ਊੜਾ ਇਕੱਲਾ ਕਦੀ ਨਹੀਂ ਵਰਤਿਆ ਜਾਂਦਾ। ਇਸ ਨੂੰ ਜੇਕਰ ਔਂਕੜ, ਦੁਲੈਂਕੜ ਜਾਂ ਹੋੜਾ ਦੀ ਲਗ ਲਾਈ ਜਾਵੇ ਤਾਂ ਹੀ ਇਹ ਧੁਨੀ-ਸੂਚਕ ਬਣਦਾ ਹੈ। ਹੋੜੇ ਦੀ ਧੁਨੀ ਲਈ ਇਸ ਦਾ ਮੂੰਹ ਉੱਤੋਂ ਖੁਲ੍ਹਾ ਰਖਿਆ ਜਾਂਦਾ ਹੈ। ਜਿਵੇਂ 'ਓ'।

19. ਜਿਹੜੇ ਸ਼ਬਦ ਦੁਹਰਾ ਕੇ ਬੋਲੇ ਜਾਂਦੇ ਹਨ, ਉਨ੍ਹਾਂ ਨੂੰ ਵਿਚਾਲੇ ਜੋੜਨੀ ਪਾ ਕੇ ਲਿਖਣਾ ਪ੍ਰਵਾਨ ਕੀਤਾ ਗਿਆ ਹੈ; ਜਿਵੇਂ: ਹੱਥੋਂ-ਹੱਥ, ਘਰ-ਘਰ, ਸਿਰੋ-ਸਿਰ।

ਇਕੋ ਜਿਹੇ ਅਰਥਾਂ ਵਾਲੇ ਦੋ ਸ਼ਬਦ ਇਕੱਠੇ ਆਉਣ ਤਾਂ ਵੀ ਜੋੜਨੀ ਲਗੇਗੀ; ਜਿਵੇਂ: ਸਾਕ-ਅੰਗ, ਕੰਮ-ਕਾਰ, ਭਰਾ-ਭਾਈ, ਪੀਲਾ-ਜ਼ਰਦ।

ਵਿਰੋਧੀ ਅਰਥਾਂ ਵਾਲੇ ਦੋ ਸ਼ਬਦ ਜੋੜ ਕੇ ਜੇ ਕੋਈ ਤੀਜਾ ਸ਼ਬਦ ਬਣਾਇਆ ਜਾਵੇ ਤਾਂ ਵੀ ਵਿਚਾਲੇ ਜੋੜਨੀ ਪਾਈ ਜਾਵੇਗੀ, ਜਿਵੇਂ—ਕੌੜਾ-ਮਿੱਠਾ, ਬੁਰਾ-ਭਲਾ, ਦੂਰ-ਨੇੜੇ।